ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

22 April 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਨਿਊਜ਼ੀਲੈਂਡ ‘ਚ ਅੱਤਵਾਦੀ ਹਮਲੇ ਦੇ ਫੁਟੇਜ ਫੇਸਬੁੱਕ ‘ਤੇ ਹਾਲੇ ਵੀ ਮੌਜੂਦ



ਨਿਊਜ਼ੀਲੈਂਡ ਦੇ ਕ੍ਰਾਈਸਟ ਚਰਚ ਦੀਆਂ ਦੋ ਮਸਜਿਦਾਂ ‘ਚ 15 ਮਾਰਚ ਨੂੰ ਹੋਏ ਅੱਤਵਾਦੀ ਹਮਲੇ ‘ਚ 50 ਲੋਕ ਮਾਰੇ ਗਏ ਸਨ। ਅੱਤਵਾਦੀਆਂ ਵਲੋਂ ਕੀਤੇ ਗਏ ਹਮਲਿਆਂ ਦੇ ਕੁਝ ਵੀਡੀਓ ਹਾਲੇ ਵੀ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ ‘ਤੇ ਮੌਜੂਦ ਹਨ। ਸ਼ੁੱਕਰਵਾਰ ਨੂੰ ਜਾਰੀ ਇਕ ਰਿਪੋਰਟ ‘ਚ ਇਸ ਦਾ ਖੁਲਾਸਾ ਹੋਇਆ। ਰਿਪੋਰਟ ‘ਚ ਕਿਹਾ ਗਿਆ ਹੈ ਕਿ ਅੱਤਵਾਦੀ ਹਮਲੇ ਦੇ ਕੁਝ ਫੁਟੇਜ ਹਾਲੇ ਵੀ ਫੇਸਬੁੱਕ ਅਤੇ ਇੰਸਟਾਗ੍ਰਾਮ ‘ਤੇ ਦਿਖਾਈ ਦੇ ਰਹੇ ਹਨ। ਇਨ੍ਹਾਂ ‘ਚੋਂ ਕੁਝ ਫੁਟੇਜ ਦੀ ਮਿਆਦ 17 ਮਿੰਟ ਤੱਕ ਦੀ ਹੈ, ਜਿਨ੍ਹਾਂ ਨੂੰ ਕੱਟ ਕੇ 1 ਮਿੰਟ ਤੱਕ ਕਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਨੂੰ ਆਸਾਨੀ ਨਾਲ ਕੋਈ ਵੀ ਦੇਖ ਸਕਦਾ ਹੈ। ਰਿਪੋਰਟ ‘ਚ ਕਿਹਾ ਗਿਆ ਹੈ ਕਿ ਮਾਸੂਮਾਂ ਦੀ ਹੱਤਿਆ ਦਿਖਾਉਣ ਵਾਲੇ ਇਨ੍ਹਾਂ ਵੀਡੀਓ ਨੂੰ ਹਟਾਉਣ ਦੀ ਥਾਂ ਫੇਸਬੁੱਕ ਨੇ ਸਿਰਫ ਉਸ ਨੂੰ ‘ਹਿੰਸਕ ਜਾਂ ਗ੍ਰਾਫਿਕ ਸਮੱਗਰੀ’ ਦੇ ਰੂਪ ‘ਚ ਚਿੰਨ੍ਹਤ ਕੀਤਾ ਹੈ। ਹਾਲਾਂਕਿ ਫੇਸਬੁੱਕ ਦੇ ਇਕ ਬੁਲਾਰੇ ਦਾ ਕਹਿਣਾ ਹੈ ਕਿ ਇਹ ਵੀਡੀਓ ਪਹਿਲਾਂ ਹੀ ਫੇਸਬੁੱਕ ਦੇ ਪਲੇਟਫਾਰਮ ਤੋਂ ਹਟਾਏ ਜਾ ਚੁੱਕੇ ਹਨ। ਹਟਾਏ ਜਾਣ ਤੋਂ ਪਹਿਲਾਂ ਇਨ੍ਹਾਂ ਵੀਡੀਓ ਨੂੰ 4 ਹਜ਼ਾਰ ਤੋਂ ਵੀ ਜ਼ਿਆਦਾ ਵਾਰ ਦੇਖਿਆ ਜਾ ਚੁੱਕਾ ਹੈ ਅਤੇ ਬਾਅਦ ‘ਚ ਦੂਜੇ ਸੋਸ਼ਲ ਮੀਡੀਆ ਪਲੇਟਫਾਰਮ ਜਿਵੇਂ ਟਵਿਟਰ, ਯੂ. ਟਿਊਬ ‘ਤੇ ਇਸ ਨੂੰ ਲੱਖਾਂ ਦੀ ਗਿਣਤੀ ‘ਚ ਸਾਂਝਾ ਕੀਤਾ ਗਿਆ ਹੈ। ਇਸ ਸਬੰਧ ‘ਚ ਨਿਊਜ਼ੀਲੈਂਡ ਦੇ ਪ੍ਰਾਈਵੇਸੀ ਕਮਿਸ਼ਨਰ ਜਾਨ ਐਡਵਾਰਡ ਨੇ ਫੇਸਬੁੱਕ ਨੂੰ ਨੈਤਿਕ ਰੂਪ ਨਾਲ ਦੀਵਾਲੀਆ ਅਤੇ ਝੂਠਾ ਕਰਾਰ ਦਿੱਤਾ ਹੈ।

## ਉਸਾਰੀ ਸ਼ੁਰੂ ਹੋਣ ਤੋਂ ਪਹਿਲਾਂ ਵੈਲਿੰਗਟਨ ਟਾਊਨ ਹਾਲ ‘ਤੇ ਖਰਚੇ ਹੋਏ ਲੱਖਾਂ





ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਵਲਿੰਗਟਨ ਟਾਊਨ ਹਾਲ ਨੂੰ ਮਜ਼ਬੂਤ ਕਰਨ ‘ਤੇ ਪਹਿਲਾਂ ਹੀ 15 ਮਿਲੀਅਨ ਡਾਲਰ ਖਰਚੇ ਜਾ ਚੁੱਕੇ ਹਨ, ਉਸਾਰੀ ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ।ਪਰ ਸ਼ਹਿਰ ਦੇ ਮੇਅਰ ਜਸਟਿਨ ਲੇਸਟਰ ਨੇ ਕਿਹਾ ਕਿ ਅਜਿਹੇ ਮਹਿੰਗੇ ਪ੍ਰੋਜੈਕਟ ‘ਤੇ ਡਿਜ਼ਾਈਨ ਕਰਨ ਅਤੇ ਹਸਤਾਖਰ ਕਰਨ ਲਈ ਇਸ ਰਕਮ ਲਈ ਇਹ ਆਮ ਹੈ। ਇਹ ਕੋਈ ਬਹੁਤੀ ਵੱਡੀ ਗੱਲ ਨਹੀਂ ਹੈ।ਇਸ ਸਾਲ ਦੇ ਸ਼ੁਰੂ ਵਿਚ ਇਹ ਐਲਾਨ ਕੀਤਾ ਗਿਆ ਸੀ ਕਿ ਹਾਲ ਨੂੰ ਮਜ਼ਬੂਤ ਕਰਨ ਦੀ ਲਾਗਤ ਚੌਥੀ ਵਾਰ ਉਛਲੀ ਸੀ, ਜੋ ਕਿ ਘੱਟੋ ਘੱਟ 112 ਮਿਲੀਅਨ ਡਾਲਰ ਹੈ। ਕਿਉਂਕਿ 2013 ਵਿੱਚ ਟਾਊਨ ਹਾਲ ਨੂੰ ਮਜ਼ਬੂਤ ਕਰਨ ਲਈ ਬੰਦ ਕੀਤਾ ਗਿਆ ਸੀ, ਇਸ ਪ੍ਰੋਜੈਕਟ ਦੀ ਲਾਗਤ $ 43 ਮਿਲੀਅਨ ਤੋਂ 60 ਮਿਲੀਅਨ ਡਾਲਰ ਤੱਕ $ 90 ਮਿਲੀਅਨ ਤੱਕ ਹੋ ਗਈ ਹੈ। ਮੇਅਰ ਜਸਟਿਨ ਲੇਸਟਰ ਦਾ ਕਹਿਣਾ ਹੈ ਕਿ ਅੰਤਿਮ ਕੀਮਤ ਤੋਂ ਵੱਧ ਹੋਣ ਦੀ ਸੰਭਾਵਨਾ ਹੈ। ਹੁਣ ਤੱਕ ਖਰਚ ਕੀਤੇ ਗਏ ਪੈਸੇ ਦੀ ਯੋਜਨਾਬੰਦੀ ਅਤੇ ਡਿਜ਼ਾਈਨ ‘ਤੇ ਹੈ। ਉਨ੍ਹਾਂ ਕਿਹਾ ਕਿ “ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਵਲਿੰਗਟਨ ਦੇ ਲੋਕ ਚੰਗੇ ਨਤੀਜੇ ਪ੍ਰਾਪਤ ਕਰਨ, ਉਹ ਇੱਕ ਮਜ਼ਬੂਤ ਟਾਊਨ ਹਾਲ ਨੂੰ ਉਸ ਇਮਾਰਤ ਵਿੱਚ ਚਾਹੁੰਦੇ ਹਨ ਜੋ ਇੱਥੇ 50 ਤੋਂ 100 ਸਾਲ ਤੱਕ ਦੀ ਹੋਵੇਗੀ। ਉਨਹਾਂ ਕਿਹਾ ਕਿ “ਇਹ ਇੱਕ ਗੁੰਝਲਦਾਰ ਪ੍ਰੋਜੈਕਟ ਹੈ, ਇਸ ਲਈ ਹੀ ਤੁਹਾਨੂੰ ਯੋਜਨਾਬੰਦੀ ਵਿੱਚ ਨਿਵੇਸ਼ ਕਰਨਾ ਪਵੇਗਾ ਅਤੇ ਫਰੰਟ ਤਿਆਰ ਕਰਨਾ ਪਵੇਗਾ.“ ਮਿਸਟਰ ਲੇਸਟਰ ਨੇ ਕਿਹਾ ਕਿ $ 1.6 ਮਿਲੀਅਨ ਦਾ ਖਰਚਾ ਵੀ ਇਮਾਰਤ ਦੀ ਚਿਣਨ ਨੂੰ ਹਾਸਲ ਕਰਨ ਲਈ ਚਲਾ ਗਿਆ, ਜੋ ਕਾਨੂੰਨੀ ਤੌਰ ਤੇ ਜ਼ਰੂਰੀ ਸੀ.। ਇਕ ਹੋਰ 4.8 ਮਿਲੀਅਨ ਡਾਲਰ ਦੀ ਰਕਮ ਡਿਜ਼ਾਈਨਿੰਗ ਦੇ ਕੰਮ ਅਤੇ ਸਲਾਹਕਾਰਾਂ ਲਈ ਖਰਚ ਕੀਤੀ ਗਈ ਸੀ।

## ਸ਼੍ਰੀਲੰਕਾ ਸੀਰੀਅਲ ਬਲਾਸਟਸ ਮਾਮਲੇ ਚ 7 ਸ਼ੱਕੀ ਗ੍ਰਿਫਤਾਰ

ਕੋਲੰਬੋ- ਸ਼੍ਰੀਲੰਕਾ ਦੀ ਰਾਜਧਾਨੀ ਕੋਲੰਬੋ ਦੇ ਕਈ ਹਿੱਸਿਆਂ ਵਿਚ ਐਤਵਾਰ ਨੂੰ ਲੜੀਵਾਰ ਬੰਬ ਧਮਾਕੇ ਹੋਏ। ਇਨ੍ਹਾਂ ਹਮਲਿਆਂ ਵਿਚ ਘੱਟੋ-ਘੱਟ 215 ਲੋਕਾਂ ਦੀ ਮੌਤ ਅਤੇ 500 ਤੋਂ ਜ਼ਿਆਦਾ ਲੋਕ ਜ਼ਖਮੀ ਹੋਏ ਹਨ। ਇਸ ਮਾਮਲੇ ਵਿਚ ਪੁਲਸ ਨੇ ਹੁਣ ਤੱਕ 7 ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਹੈ। ਫਿਲਹਾਲ ਜਾਂਚ ਜਾਰੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਧਮਾਕਾ 8 ਵੱਖ-ਵੱਖ ਥਾਵਾਂ ‘ਤੇ ਹੋਏ।



ਮੀਡੀਆ ਰਿਪੋਰਟ ਮੁਤਾਬਕ ਸਵੇਰ ਵੇਲੇ 6 ਥਾਵਾਂ ‘ਤੇ ਇਹ ਧਮਾਕੇ ਹੋਏ ਸਨ। ਇਸ ਵਿਚ ਤਿੰਨ ਚਰਚ ਅਤੇ ਤਿੰਨ ਹੋਟਲ ਸਨ।

ਦੁਪਿਹਰ ਹੁੰਦੇ-ਹੁੰਦੇ ਧਮਾਕਿਆਂ ਦੀ ਗਿਣਤੀ 8 ਤੱਕ ਪਹੁੰਚ ਗਈ। ਇਸ ਨੂੰ ਲੈ ਕੇ ਸ਼੍ਰੀਲੰਕਾਈ ਪ੍ਰਸ਼ਾਸਨ ਨੇ ਰਾਜਧਾਨੀ ਵਿਚ ਕਰਫਿਊ ਲਗਾ ਦਿੱਤਾ ਹੈ। ਚਰਚ ਵਿਚ ਇਸ ਦੌਰਾਨ ਈਸਟਰ ਦੀ ਪ੍ਰਾਰਥਨਾ ਚੱਲ ਰਹੀ ਸੀ। ਇਸ ਮਾਮਲੇ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਟਵੀਟ ਕਰਕੇ ਹਮਦਰਦੀ ਜਤਾਈ ਅਤੇ ਕਿਹਾਕਿ ਉਹ ਲਗਾਤਾਰ ਮਾਮਲੇ ‘ਤੇ ਨਜ਼ਰ ਰੱਖ ਰਹੇ ਹਨ। ਸ਼੍ਰੀਲੰਕਾ ਸਰਕਾਰ ਨੇ ਅਧਿਕਾਰਤ ਬਿਆਨ ਵਿਚ ਦੱਸਿਆ ਕਿ ਹੁਣ ਤੱਕ 190 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਸ ਵਿਚ 9 ਲੋਕ ਵਿਦੇਸ਼ੀ ਨਾਗਰਿਕ ਹਨ। ਹਾਲਾਂਕਿ ਮੀਡੀਆ ਰਿਪੋਰਟ ਵਿਚ ਵਿਦੇਸ਼ੀ ਨਾਗਰਿਕਾਂ ਦੇ ਮਰਨ ਦੀ ਗਿਣਤੀ 35 ਦੱਸੀ ਗਈ ਹੈ।

## ਕੈਨੇਡਾ: ਪੰਜਾਬੀਆਂ ਦੇ ਵਿਆਹ ‘ਚ ਭੜਥੂ, 40 ਦੇ ਕਰੀਬ ਜ਼ਖ਼ਮੀ

ਵੈਨਕੂਵਰ: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮਸ਼ਹੂਰ ਸ਼ਹਿਰ ਵੈਨਕੂਵਰ ਵਿੱਚ ਪੰਜਾਬੀਆਂ ਦੇ ਵਿਆਹ ਦੇ ਰੰਗ ਵਿੱਚ ਉਸ ਸਮੇਂ ਭੰਗ ਪੈ ਗਿਆ, ਜਦ ਚਬੂਤਰੇ ਦੀ ਛੱਤ ਟੁੱਟਣ ਕਾਰਨ 40 ਜਣੇ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ 20 ਜਣਿਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਜਦਕਿ 15 ਵਿਅਕਤੀ ਮਾਮੂਲੀ ਫੱਟੜ ਹੋਏ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਭਾਰਤੀ ਸਮੇਂ ਮੁਤਾਬਕ ਸ਼ਨੀਵਾਰ ਸ਼ਾਮ ਸਾਢੇ ਕੁ ਛੇ ਵਜੇ ਤੇ ਸਥਾਨਕ ਸਮੇਂ ਮੁਤਾਬਕ ਸ਼ਨੀਵਾਰ ਸਵੇਰੇ ਨੌਂ ਵਜੇ ਇਹ ਘਟਨਾ ਵਾਪਰੀ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਨੇੜੇ ਤੇੜੇ ਰਹਿੰਦੇ ਲੋਕਾਂ ਨੇ ਦੱਸਿਆ ਕਿ ਇੰਝ ਲੱਗ ਰਿਹਾ ਸੀ ਕਿ ਜਿਵੇਂ ਧਮਾਕਾ ਹੋ ਗਿਆ ਹੋਵੇ। ਉਹ ਤੁਰੰਤ ਘਟਨਾ ਸਥਾਨ ਵੱਲ ਭੱਜੇ ਤੇ ਲੋਕਾਂ ਨੇ ਤੁਰੰਤ ਪੁਲਿਸ, ਬੀਸੀ ਐਂਬੂਲੈਂਸ ਤੇ ਫਾਇਰ ਬ੍ਰਿਗੇਡ ਨੂੰ ਸੂਚਨਾ ਦਿੱਤੀ। ਵਿਆਹ ਵਿੱਚ ਸ਼ਾਮਲ ਹੋਣ ਆਏ ਮਹਿਮਾਨਾਂ ਮਹਿੰਦਰ ਗਿੱਲ ਤੇ ਅਮਰਜੀਤ ਗਿੱਲ ਨੇ ਦੱਸਿਆ ਕਿ ਚਬੂਤਰੇ ‘ਤੇ ਕਾਫੀ ਲੋਕ ਚੜ੍ਹੇ ਹੋਏ ਸਨ। ਅਚਾਨਕ ਛੱਤ ਇੱਕ ਪਾਸਿਓਂ ਟੁੱਟ ਕੇ ਹੇਠਾਂ ਵੱਲ ਝੁਕ ਗਈ। ਲੋਕ ਉੱਪਰੋਂ ਰੁੜ੍ਹਦੇ ਹੋਏ ਹੇਠਾਂ ਡਿੱਗੇ ਤੇ ਇੱਕ ਦੂਜੇ ਦੇ ਉੱਪਰ ਚੜ੍ਹਨ ਕਾਰਨ ਕਾਫੀ ਜਣੇ ਜ਼ਖ਼ਮੀ ਹੋ ਗਏ। ਜ਼ਿਆਦਾਤਰ ਲੋਕਾਂ ਨੂੰ ਲੱਤਾਂ, ਗੋਡਿਆਂ, ਚੂਲੇ ਤੇ ਪਿੱਠ ‘ਤੇ ਸੱਟਾਂ ਲੱਗੀਆਂ ਹਨ ਅਤੇ ਜ਼ਿਆਦਾਤਰ ਜਣਿਆਂ ਦੀਆਂ ਹੱਡੀਆਂ ਟੁੱਟੀਆਂ ਹਨ। ਅੰਦਾਜ਼ੇ ਮੁਤਾਬਕ ਵਿਆਹ ‘ਤੇ ਤਕਰੀਬਨ 100 ਮਹਿਮਾਨ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਸਨ।

## 32ਵੀਆਂ ਆਸਟਰੇਲੀਆਈ ਸਿੱਖ ਖੇਡਾਂ ਸ਼ਾਨੋ ਸ਼ੌਕਤ ਨਾਲ ਸਮਾਪਤ



ਮੈਲਬੋਰਨ ਸ਼ਹਿਰ ਦੇ ਕੇਸੀ ਸਟੇਡੀਅਮ ਵਿਚ ਪਿਛਲੇ ਤਿੰਨ ਦਿਨ ਤੋਂ ਚੱਲ ਰਹੀਆਂ 32ਵੀਆਂ ਆਸਟਰੇਲੀਆਈ ਸਿੱਖ ਖੇਡਾਂ ਸਫਲਤਾਪੂਰਵਕ ਸਮਾਪਤ ਹੋ ਗਈਆਂ। ਵੱਖ-ਵੱਖ ਦੇਸ਼ਾਂ ਅਤੇ ਆਸਟਰੇਲੀਆ ਸ਼ਹਿਰਾਂ ਤੋਂ ਆਏ 3500 ਤੋਂ ਵੱਧ ਖਿਡਾਰੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਕਬੱਡੀ ਦਾ ਫਾਈਨਲ ਮੁਕਾਬਲਾ ਬਹੁਤ ਦਿਲਚਸਪ ਰਿਹਾ, ਜਿਸ ‘ਚ ਮੈਲਬੋਰਨ ਕਬੱਡੀ ਅਕਾਦਮੀ ਨੂੰ ਹਰਾ ਕੇ ਬਾਬਾ ਦੀਪ ਸਿੰਘ ਕਲੱਬ ਵੂਲਗੂਲਗਾ ਨੇ ਬਾਜ਼ੀ ਮਾਰੀ। ਖਿਡਾਰੀਆਂ ਦੀਆਂ ਰੇਡਾਂ ‘ਤੇ ਕਬੱਡੀ ਪ੍ਰੇਮੀਆਂ ਨੇ ਡਾਲਰਾਂ ਦਾ ਮੀਂਹ ਵਰ੍ਹਾ ਦਿੱਤਾ। ਸਰਵੋਤਮ ਰੇਡਰ ਗੁਰਲਾਲ ਤੇ ਸਰਵੋਤਮ ਜਾਫੀ ਘੁੱਦਾ ਚੁਣਿਆ ਗਿਆ।ਦਸ ਹਜ਼ਾਰ ਡਾਲਰ ਵਿਚ ਵਿੱਕੀ ਪੰਜਾਬੀ ‘ਫੱਟੀ’ ਹੋਈ ਖਾਲਸਾ ਏਡ ਦੇ ਨਾਂ

ਅਮਰੀਕਾ ਤੋਂ ਆਏ ਕਲਾਕਾਰ ਹਰਮਿੰਦਰ ਸਿੰਘ ਬੋਪਾਰਾਏ ਵਲੋਂ ਤਿਆਰ ਕੀਤੀ ਗਈ ਸਟੀਲ ਦੀ ਫੱਟੀ ਦੀ ਅੱਜ ਖੇਡ ਮੈਦਾਨ ‘ਚ ਖੁੱਲ੍ਹੀ ਬੋਲੀ ਕਰਵਾਈ ਗਈ, ਜੋ ਕਿ ਦਸ ਹਜ਼ਾਰ ਡਾਲਰ ਵਿਚ ਸਿਡਨੀ ਨਿਵਾਸੀ ਲਾਭ ਸਿੰਘ ਕੂੰਨਰ ਵਲੋਂ ਖਰੀਦੀ ਗਈ ਪਰ ਹਰਮਿੰਦਰ ਸਿੰਘ ਨੇ ਦਰਿਆਦਿਲੀ ਦਿਖਾਉਂਦਿਆ ਦਸ ਹਜ਼ਾਰ ਡਾਲਰ ‘ਖਾਲਸਾ ਏਡ‘ ਨੂੰ ਦਾਨ ਵਜੋਂ ਦੇ ਦਿੱਤੇ।ਤਿੰਨ ਦਿਨ ਚੱਲੇ ਇਸ ਖੇਡ ਮਹਾਕੁੰਭ ਵਿਚ 1 ਲੱਖ ਤੋਂ ਵੀ ਵੱਧ ਲੋਕਾਂ ਨੇ ਹਾਜ਼ਰੀ ਭਰੀ। ਮੈਲਬੋਰਨ ਦੇ ਗੁਰਦੁਆਰਾ ਦਲ ਬਾਬਾ ਬਿਧੀ ਚੰਦ ਖਾਲਸਾ ਛਾਉਣੀ ਪਲੰਪਟਨ, ਗੁਰਦੁਆਰਾ ਕੀਜਬਰੋ, ਬਲੈਕਬਰਨ ਆਦਿ ਗੁਰੂ ਘਰਾਂ ਵਲੋਂ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਮੈਲਬੋਰਨ ਦੇ ਬੇਦੀ ਪਰਿਵਾਰ ਵਲੋਂ ਇਕ ਲੱਖ ਡਾਲਰ ਤੋਂ ਵੀ ਵੱਧ ਦੀ ਸੇਵਾ ਗੁਰੂ ਦੇ ਲੰਗਰਾਂ ਲਈ ਕੀਤੀ ਗਈ।ਪ੍ਰਾਪਤ ਖੇਡ ਨਤੀਜਿਆਂ ਮੁਤਾਬਕ ਬਾਸਕਟਬਾਲ ਵਿਚ ਸਿੱਖ ਯੂਨਾਈਟਿਡ ਮੈਲਬੋਰਨ ਨੇ ਵੈਸਟਰਨ ਸਿਡਨੀ ਨੂੰ ਹਰਾ ਕੇ ਜੇਤੂ ਖਿਤਾਬ ਆਪਣੇ ਨਾਂ ਕੀਤਾ। ਨੈੱਟਬਾਲ ਵਿਚ ਸਿਡਨੀ ਰੈੱਡ ਜੂਨੀਅਰ, ਕ੍ਰਿਕਟ ਵਿਚ ਪੰਜਾਬੀ ਵੈਰੀਅਰਜ਼ ਬ੍ਰਿਸਬੇਨ, ਵਾਲੀਬਾਲ ਡਵੀਜ਼ਨ-1 ਵਿਚ ਕਲਗੀਧਰ ਲਾਇਨਜ਼ ਨਿਊਜ਼ੀਲੈਂਡ ਨੇ ਸੁਪਰ ਸਿੱਖਜ਼ ਸਿਡਨੀ ਨੂੰ ਹਰਾ ਕੇ ਖਿਤਾਬ ਜਿੱਤਿਆ। ਪਿਛਲੇ ਇਕ ਮਹੀਨੇ ਤੋਂ ਆਸਟਰੇਲੀਆ ਦੇ ਵੱਖ-ਵੱਖ ਸ਼ਹਿਰਾਂ ‘ਚ ਗੁਰਮਤਿ ਸਮਾਗਮਾਂ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਪ੍ਰਿੰਸੀਪਲ ਸੁਖਵੰਤ ਸਿੰਘ ਨੂੰ ਦਸ ਹਜ਼ਾਰ ਡਾਲਰ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਅਗਲੇ ਸਾਲ ਪਰਥ ਸ਼ਹਿਰ ‘ਚ ਮਿਲਣ ਦੇ ਵਾਅਦੇ ਨਾਲ ਇਹ ਖੇਡ ਮੇਲਾ ਯਾਦਗਾਰੀ ਰੂਪ ਵਿਚ ਸੰਪੰਨ ਹੋ ਗਿਆ।

## ਨਿਊਜ਼ੀਲੈਂਡ ਦੇ ਐੱਮ. ਪੀ. ਕੰਵਲਜੀਤ ਸਿੰਘ ਬਖਸ਼ੀ ਨੇ ਸਿੱਖ ਖੇਡਾਂ ਦੇ ਦੂਸਰੇ ਦਿਨ ਉਦਘਾਟਨੀ ਸਮਾਰੋਹ ‘ਚ ਸ਼ਿਰਕਤ ਕੀਤੀ

ਮੈਲਬੌਰਨ ਦੇ ਕਰੇਨਬਰਮ ਇਲਾਕੇ ਵਿਚ ਸਥਿਤ ਕੇਸੀ ਸਟੇਡੀਅਮ ‘ਚ ਚੱਲ ਰਹੀਆਂ 32ਵੀਆਂ ਸਿੱਖ ਖੇਡਾਂ ਦੇ ਦੂਸਰੇ ਦਿਨ ਉਦਘਾਟਨੀ ਸਮਾਰੋਹ ਹੋਏ, ਜਿਸ ‘ਚ ਇੱਥੋਂ ਦੀਆਂ ਵੱਡੀਆਂ ਸ਼ਖਸੀਅਤਾਂ ਦੇ ਨਾਲ-ਨਾਲ ਨਿਊਜ਼ੀਲੈਂਡ ਦੇ ਪਹਿਲੇ ਸਿੱਖ ਐੱਮ. ਪੀ. ਕੰਵਲਜੀਤ ਸਿੰਘ ਬਖਸ਼ੀ ਨੇ ਵੀ ਸ਼ਿਰਕਤ ਕੀਤੀ ਅਤੇ ਸਭ ਦਾ ਹੌਂਸਲਾ ਵਧਾਇਆ। ਨਿਊਜ਼ੀਲੈਂਡ ਦੇ ਪਹਿਲੇ ਸਿੱਖ ਐੱਮ. ਪੀ. ਕੰਵਲਜੀਤ ਸਿੰਘ ਬਖਸ਼ੀ ਨੇ ਪੱਤਰਕਾਰਾ ਨਾਲ ਖਾਸ ਗੱਲਬਾਤ ਕੀਤੀ। ਕੰਵਲਜੀਤ ਸਿੰਘ ਬਖਸ਼ੀ ਨਿਊਜ਼ੀਲੈਂਡ ਨੈਸ਼ਨਲ ਪਾਰਟੀ ਵਲੋਂ ਸੰਸਦ ਮੈਂਬਰ ਹਨ। ਉਨ੍ਹਾਂ ਦਾ ਜਨਮ ਦਿੱਲੀ ‘ਚ ਹੋਇਆ ਪਰ ਉਹ ਕਾਫੀ ਸਮਾਂ ਜਲੰਧਰ ‘ਚ ਵੀ ਰਹੇ। ਉਨ੍ਹਾਂ ਦੱਸਿਆ ਕਿ ਉਹ 2001 ‘ਚ ਨਿਊਜ਼ੀਲੈਂਡ ਗਏ ਸਨ ਅਤੇ 2008 ‘ਚ ਉਨ੍ਹਾਂ ਨੂੰ ਪਹਿਲਾ ਸਿੱਖ ਐੱਮ. ਪੀ. ਬਣਨ ਦਾ ਸਬੱਬ ਮਿਲਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਵੀ ਸਿਆਸਤ ‘ਚ ਸੀ ਤੇ ਇਸੇ ਕਾਰਨ ਉਹ ਵੀ ਰਾਜਨੀਤੀ ‘ਚ ਸ਼ਾਮਲ ਹੋਏ ।ਉਨ੍ਹਾਂ ਕਿਹਾ ਕਿ ਸਿੱਖ ਕਈ ਸਾਲਾਂ ਤੋਂ ਨਿਊਜ਼ੀਲੈਂਡ ‘ਚ ਰਹਿ ਰਹੇ ਹਨ ਪਰ ਉਹ ਰਾਜਨੀਤੀ ‘ਚ ਘੱਟ ਰੁਚੀ ਰੱਖਦੇ ਸਨ। ਉਨ੍ਹਾਂ ਨੂੰ ਮਾਣ ਹੈ ਕਿ ਇੱਥੇ ਰਹਿੰਦੇ ਲੋਕਾਂ ਨੇ ਉਨ੍ਹਾਂ ਨੂੰ ਇਨਾ ਵੱਡਾ ਮਾਣ ਦਿੱਤਾ। ਉਨ੍ਹਾਂ ਮੈਲਬੌਰਨ ‘ਚ ਖੇਡੀਆਂ ਜਾ ਰਹੀਆਂ ਖੇਡਾਂ ਦੀ ਸਿਫਤ ਕੀਤੀ। ਉਨ੍ਹਾਂ ਦੱਸਿਆ ਕਿ ਉਹ ਕਾਫੀ ਸਮਾਂ ਜਲੰਧਰ ‘ਚ ਵੀ ਰਹੇ ਹਨ ਅਤੇ ਜਗਬਾਣੀ ਤੇ ਪੰਜਾਬ ਕੇਸਰੀ ਅਖਬਾਰ ਨੂੰ ਪੜ੍ਹਨ ਨਾਲ ਉਨ੍ਹਾਂ ਦੇ ਦਿਨ ਦੀ ਸ਼ੁਰੂਆਤ ਹੁੰਦੀ ਸੀ।ਉਨ੍ਹਾਂ ਨਿਊਜ਼ੀਲੈਂਡ ਦੀਆਂ ਦੋ ਚਰਚਾਂ ‘ਚ ਹੋਏ ਅੱਤਵਾਦੀ ਹਮਲੇ ਦੀ ਵੀ ਨਿੰਦਾ ਕੀਤੀ।ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਸ਼ਾਂਤ ਦੇਸ਼ ਮੰਨਿਆ ਜਾਂਦਾ ਹੈ ਪਰ ਇਸ ਹਮਲੇ ਨੇ ਸਭ ਨੂੰ ਹਿਲਾ ਦਿੱਤਾ, ਫਿਰ ਵੀ ਸਭ ਮਿਲ-ਜੁਲ ਕੇ ਇਸ ਦੁੱਖ ‘ਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਨ।

